# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times 18 ਮਈ 2025 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਫਰਾਂਸ ਚ ਹੋਇਆ " ਪੰਜਾਬੀ ਜਾਗ੍ਰਿਤੀ ਮੇਲਾ 2025 "

ਵਰਲਡ ਪੰਜਾਬੀ ਟਾਈਮਜ਼

ਫਰਾਂਸ 18 ਮਈ : " ਫਰਾਂਸ ਦੇ ਸ਼ਹਿਰ ਪੈਰਿਸ ਚ " ਪੰਜਾਬੀ ਜਾਗ੍ਰਿਤੀ ਮੇਲਾ " ਪੰਜਾਬ ਚੈਪਟਰ ਓ.ਸੀ.ਆਈ. ਕਾਂਗਰਸ ਫਰਾਂਸ ਦੇ ਪ੍ਰਧਾਨ ਸੋਨੂੰ ਬੰਗੜ ਅਤੇ ਫਰਾਂਸ ਕਾਂਗਰਸ ਦੀ ਪੂਰੀ ਯੂਨਿਟ ਵਲੋਂ ਫਰਾਂਸ ਚ ਕਾਂਗਰਸ ਨੂੰ ਹੋਰ ਮਜਬੂਤ ਕਰਨ ਲਈ ਕਰਾਇਆ ਗਿਆ। ਇਸ ਮੇਲੇ ਚ ਪੰਜਾਬ ਦੀ ਇੰਟਰਨੈਸ਼ਨਲ ਪ੍ਰਸਿੱਧ ਗਾਇਕ ਜੋੜੀ ਲੱਖਾ ਤੇ ਨਾਜ਼ ( ਜੋੜੀ ਨੰਬਰ 1 ) ਨੇ



ਆਪਣੇ ਗੀਤਾਂ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ। ਸੋਨੂੰ ਬੰਗੜ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਿੱਥੇ ਇਸ ਮੇਲੇ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਫਰਾਂਸ ਦੇ ਸੀਨੀਅਰ ਆਗੂ ਜਗਤਾਰ ਸਿੰਘ ਬਿੱਟੂ ਵਿਸ਼ੇਸ਼ ਤੌਰ ਤੇ ਮੇਲੇ ਨੂੰ ਸਹਿਯੋਗ ਦੇਣ ਲਈ ਪਹੁੰਚੇ ਨਾਲ ਹੀ ਬਹੁਤ ਸਾਰੇ ਸਪੋਰਟਸ ਕਲੱਬਾਂ ਦੇ ਮੈਂਬਰ ਤੇ ਹੋਰ ਸਾਥੀ ਵੀ ਪਹੁੰਚੇ ਜਿਵੇਂ ( ਦੋਆਬਾ ਸਪੋਰਟਸ ਕਲੱਬ ਫਰਾਂਸ) ਤੋਂ ਤਜਿੰਦਰ ਸਿੰਘ ਜੋਸ਼ਨ, ਮਨਜੀਤ ਸਿੰਘ ਜੰਮੂ, ਬਲਵਿੰਦਰ ਬਿੰਦਾ, ਰਾਜੂ ਚੰਡੀ ਅਤੇ ( ਪੰਜਾਬ ਸਪੋਰਟਸ ਕਲੱਬ ਫਰਾਂਸ ) ਤੋਂ ਬਾਜ ਸਿੰਘ ਵਿਰਕ, ਰਾਮ ਸਿੰਘ ਵਿਰਕ, ਕੁਲਦੀਪ ਸਿੰਘ, ਸੁੱਖੀ , ਜੱਗੀ ਬੌਂਸ, ਸੋਨੀ ਕਲੇਰ, ਵਿਜੇ ਸ਼ਰਮਾ, ਉਂਕਾਰ ਖੱਖ, ਜਰਨੈਲ ਥਿੰਦ, ਨਾਨਕ ਸਿੰਘ ਭੁੱਲਰ ਅਤੇ ਬਲਜੀਤ ਸਿੰਘ ਨਾਗਰਾ, ਬੱਬੂ ਕਪੂਰਥਲਾ, ਮਲਕੀਤ ਬੰਗਾ, ਬਲਵਿੰਦਰ ਧਾਮੀ, ਬਲਬੰਤ ਸੁੰਦਰ, ਨਿਸ਼ਾਨ ਸਿੰਘ ਘੋੜਾਵਾਹੀ, ਮਾਸਟਰ ਹਰਜਿੰਦਰ, ਸਾਬੀ, ਗਾਇਕਾਂ ਸ਼ਰਨ ਚੀਮਾ, ਬਲਵੀਰ ਕੇ.ਪੀ। ਸੋਨੂੰ ਬੰਗੜ ਨੇ ਸਭ ਦਾ ਮੇਲੇ ਚ ਪਹੁੰਚਣ ਤੇ ਤਹਿ ਦਿਲ ਤੋਂ ਧੰਨਵਾਦ ਕੀਤਾ।

## ਖ਼ੁਸ਼ਕਰਨਪ੍ਰੀਤ ਨੇ ਸਮੁੱਚੀ ਬ੍ਰਾਦਰੀ ਨਾ ਨਾਮ ਰੋਸ਼ਨ ਕੀਤਾ : ਸ਼ਰਨਜੀਤ ਸਿੰਘ ਮੂਕਰ

### ਖ਼ੁਸ਼ਕਰਨਪ੍ਰੀਤ ਦਾ ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਵਿੱਚੋਂ 93% ਫੀਸਦੀ ਅੰਕਾਂ ਨਾਲ਼ ਪਹਿਲਾ ਸਥਾਨ : ਜਗਦੀਪ ਸਿੰਘ ਸਿੱਧੂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 18 ਮਈ : ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਦੇ ਨਤੀਜਿਆ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਜੀ.ਐੱਨ.ਡੀ. ਮਿਸ਼ਨ ਸੀਨੀਅਰ ਸੈਕੰਡਰੀ ਸਕੂਲ, ਪੰਜਗਰਾਈ ਕਲਾਂ ਦੇ ਵਿਦਿਆਰਥੀ ਖੁਸ਼ਕਰਨਪ੍ਰੀਤ ਸਿੰਘ ਕਮੋਂ ਸਪੁੱਤਰ ਗੁਰਪ੍ਰੀਤ ਸਿੰਘ ਕਮੋਂ (ਸੱਤਿਆ ਫਲੈਕਸ ਕੋਟਕਪੂਰਾ) ਵੱਲੋਂ ਸੰਸਥਾ ਦੀਆਂ ਸਾਰੀਆਂ ਸਟੀਮਾਂ ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਵਿੱਚੋਂ 93% ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਖੁਸ਼ਕਰਨਪ੍ਰੀਤ ਸਿੰਘ ਕਮੋਂ ਦੀ ਇਹ ਪ੍ਰਾਪਤੀ ਸੰਸਥਾ, ਇਲਾਕੇ ਅਤੇ ਸਮੁੱਚੀ ਬ੍ਰਾਦਰੀ ਲਈ ਮਾਣ ਵਾਲੀ ਗੱਲ ਹੈ। ਇਹਨਾਂ ਬੋਲਾਂ ਦਾ ਪ੍ਰਗਟਾਵਾ ਭਗਤ ਨਾਮਦੇਵ ਸਭਾ ਸੁਸਾਇਟੀ (ਰਜਿ:) ਦੇ ਪ੍ਰਧਾਨ ਸ਼ਰਨਜੀਤ ਸਿੰਘ ਮੂਕਰ ਨੇ ਖੁਸ਼ਕਰਨਪ੍ਰੀਤ ਸਿੰਘ ਕਮੋਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਆਖੇ। ਇਸ ਮੌਕੇ ਜਗਦੇਵ ਸਿੰਘ ਪੁਰਬਾ (ਰਿਟਾ: ਲੈਕਚਰਾਰ) ਨੇ ਸਾਰੇ ਪਰਿਵਾਰ ਨੂੰ ਵਧਾਈ ਦਿੰਦਿਆਂ ਆਖਿਆ ਕਿ ਵਿੱਦਿਆ ਦਾ ਗਿਆਨ ਸਭ ਤੋਂ ਵੱਡਾ ਗਿਆਨ ਹੈ, ਜਿਸ ਨਾਲ ਵਿਅਕਤੀ ਵੱਡੀ ਤੋਂ ਵੱਡੀ ਮੰਜ਼ਿਲ ਸਰ ਕਰ ਸਕਦਾ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਜਸਮੇਲ ਸਿੰਘ ਪੁਰਬਾ, ਮਲਕੀਤ ਸਿੰਘ ਡਿਪਟੀ, ਜਗਦੀਪ ਸਿੰਘ ਸਿੱਧੂ (ਸਿੱਧੂ ਟੇਲਰਜ਼), ਮੇਜਰ ਸਿੰਘ ਚੰਡੀਗੜ੍ਹ ਟੇਲਰਜ਼, ਇਕਬਾਲ ਸਿੰਘ ਰਿੰਪੀ, ਲਖਵਿੰਦਰ ਸਿੰਘ (ਰਿਟਾ: ਲੈਕਚਰਾਰ) ਅਤੇ ਸਭਾ ਦੇ ਮੈਂਬਰ ਆਦਿ ਵੀ ਹਾਜ਼ਰ ਸਨ।

## ਬਾਪ ਬੇਟੇ ਨੇ ਇਕੱਠਿਆਂ ਕੀਤੀ ਬਾਰਵੀਂ ਜਮਾਤ ਪਾਸ

ਵਰਲਡ ਪੰਜਾਬੀ ਟਾਈਮਜ਼
ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ ,18 ਮਈ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ 12 ਵੀ ਕਲਾਸ ਦੇ ਨਤੀਜਿਆਂ ਵਿੱਚ ਓਪਨ ਦੇ ਨਤੀਜਿਆਂ ਵਿੱਚ ਲੇਖਕ ਅਵਤਾਰ ਸਿੰਘ ਰਾਏਸਰ ਅਤੇ ਉਹਨਾਂ ਦੇ ਬੇਟੇ ਜਸਪ੍ਰੀਤ ਸਿੰਘ ਰਾਏਸਰ ਨੇ ਵੀ ਪ੍ਰੀਖਿਆ ਦਿੱਤੀ ਸੀ ਜਿਸ ਦਾ ਨਤੀਜਾ ਆ ਗਿਆ ਹੈ। ਜਿਸ ਵਿਚ ਦੋਵੇਂ ਬਾਪ , ਬੇਟਾ ਪਾਸ ਹੋ ਗਏ ਹਨ।ਗਰਲਜ ਕੰਨਿਆ ਸਕੂਲ ਬਰਨਾਲਾ ਵਿੱਚ ਹੋਣ ਵਾਲੇ ਪੇਪਰਾਂ ਵਾਰੇ ਸੰਖੇਪ ਜਾਣਕਾਰੀ ਦਿੰਦਿਆਂ ਅਵਤਾਰ ਸਿੰਘ ਰਾਏਸਰ ਨੇ ਦੱਸਿਆ ਕਿ 42 ਸਾਲ ਪਹਿਲਾਂ ਮੈਂ ਮੈਟ੍ਰਿਕ ਪਾਸ ਕੀਤੀ ਸੀ। ਮੇਰੇ ਦਿਲ ਵਿਚ ਸੀ ਅਗਲੀ ਪੜ੍ਹਾਈ ਵੀ ਕੀਤੀ ਜਾਵੇ, ਪਰ ਹੁਣ ਆਪਣੇ ਬੇਟੇ ਦੇ ਪੇਪਰ ਦੇਖਕੇ ਮੇਰਾ ਵੀ ਪ੍ਰੀਖਿਆ ਦੇਣ ਲਈ ਮਨ ਤਿਆਰ ਹੋ ਗਿਆ ਜਿਸ ਕਰਕੇ ਮੈਂ ਵੀ ਪ੍ਰੀਖਿਆ ਦਿੱਤੀ।ਇਸ ਵਿਚ ਮੇਰੇ 72 ਪ੍ਰਤੀਸ਼ਤ ਅੰਕ ਅਤੇ ਜਸਪ੍ਰੀਤ ਸਿੰਘ ਦੇ 69 ਪ੍ਰਤੀਸ਼ਤ ਅੰਕ ਆਏ। ਉਹਨਾਂ ਇਸ ਲਈ ਮੈਡਮ ਸੁਖਵਿੰਦਰ ਕੌਰ ਖੋਸਾ ਅਤੇ ਸੁਖਪਾਲ ਕੌਰ ਬਾਠ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸਿੱਖਿਅਤ ਕਰਕੇ ਪੇਪਰਾਂ ਲਈ ਉਤਸ਼ਾਹਿਤ ਕੀਤਾ। ਉਹਨਾਂ ਕਿਹਾ ਕਿ ਹੁਣ ਅਸੀਂ ਅੱਗੇ ਵੀ ਪੜਾਈ ਜਾਰੀ ਰੱਖਾਂਗੇ।

## ਪੰਜਾਬੀ ਭਾਸ਼ਾ ਵਿੱਚ ਕੰਮ-ਕਾਜ ਕਰਨ ਸਬੰਧੀ ਹਦਾਇਤਾਂ ਜਾਰੀ : ਮਨਜੀਤ ਪੁਰੀ

### ਸਮੂਹ ਵਿਭਾਗਾਂ ਦੀਆਂ ਵੈਬਸਾਈਟਾਂ ਅੰਗਰੇਜੀ ਦੇ ਨਾਲ ਨਾਲ ਪੰਜਾਬ ਭਾਸ਼ਾ ਵਿੱਚ ਵੀ ਤਿਆਰ ਕੀਤੀਆਂ ਜਾਣ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 18 ਮਈ : ਪੰਜਾਬ ਸਰਕਾਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਹਦਾਇਤਾਂ ਜਾਰੀ ਹੋਈਆਂ ਹਨ ਕਿ ਰਾਜ ਭਾਸ਼ਾ ਐਕਟ 1967 ਅਤੇ ਰਾਜ ਭਾਸ਼ਾ ਐਕਟ (ਤਰਮੀਮ) 2008 ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸੇ ਐਕਟ ਤਹਿਤ ਹੁਕਮ ਜਾਰੀ ਹੋਏ ਹਨ ਕਿ "ਪੰਜਾਬ ਸਰਕਾਰ ਦੇ ਸਮੂਹ ਸਰਕਾਰੀ/ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਾਂ, ਨਿਗਮਾਂ ਅਤੇ ਵਿੱਦਿਅਕ ਅਦਾਰਿਆਂ ਦੇ ਦਫ਼ਤਰਾਂ ਵਿੱਚ ਸਮੁੱਚਾ ਦਫ਼ਤਰੀ ਕੰਮ ਕਾਜ ਪੰਜਾਬ ਭਾਸ਼ਾ ਵਿੱਚ ਕੀਤਾ ਜਾਣਾ ਲਾਜਮੀ ਬਣਾਇਆ ਜਾਵੇ। ਇਸ ਦੇ ਨਾਲ ਹੀ ਸਮੂਹ ਵਿਭਾਗਾਂ ਦੀਆਂ ਵੈਬਸਾਈਟਾਂ ਅੰਗਰੇਜੀ ਦੇ ਨਾਲ ਨਾਲ ਪੰਜਾਬੀ ਭਾਸ਼ਾ (ਭਾਵ ਦੋਨੋ ਭਾਸ਼ਾਵਾਂ) ਵਿੱਚ ਤਿਆਰ ਕੀਤੀਆਂ ਜਾਣ। ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਸ. ਮਨਜੀਤ ਪੁਰੀ ਨੇ ਦਿੱਤੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਮਾਮਲੇ ਪ੍ਰਤੀ ਬੇਹੱਦ ਸੰਜੀਦਾ ਹੈ ਅਤੇ ਕਿਸੇ ਪ੍ਰਕਾਰ ਦੀ ਅਣਗਹਿਲੀ ਨਹੀਂ ਵਰਤੀ ਜਾ ਸਕਦੀ। ਪੰਜਾਬੀ ਮਾਤ ਭਾਸ਼ਾ ਪੰਜਾਬ ਰਾਜ ਦੀ ਜਿੰਦ-ਜਾਨ ਹੈ ਅਤੇ ਇਹ ਪੰਜਾਬੀਅਤ ਦਾ ਮਾਣ ਹੈ। ਇਸ ਲਈ ਸਬੰਧਿਤ ਹੁਕਮਾਂ ਅਧੀਨ ਆਉਂਦੇ ਸਾਰਿਆਂ ਨੂੰ ਹੀ ਅਪੀਲ ਹੈ ਕਿ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਸਥਾਨਾਂ ਦੀ ਪੜਤਾਲ ਕਰ ਲਈ ਜਾਵੇ ਅਤੇ ਸਾਰੇ ਦਫ਼ਤਰਾਂ ਦੇ ਸਾਈਨ ਬੋਰਡ ਅਤੇ ਸੜਕਾਂ ਕਿਨਾਰੇ ਲੱਗੇ ਬੋਰਡਾਂ ਵਿੱਚ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜ ਵੀ ਠੀਕ ਹੋਣ।ਜੇਕਰ ਕੋਈ ਇਸ ਤਰ੍ਹਾਂ ਦੀ ਕਮੀ ਪਾਈ ਜਾਂਦੀ ਹੈ ਤਾਂ ਸਬੰਧਿਤ ਅਧਿਕਾਰੀਆਂ ਵੱਲੋਂ ਜਲਦੀ ਤੋਂ ਜਲਦੀ ਠੀਕ ਕਰਵਾਈ ਜਾਵੇ।

## ਸੰਗਰੂਰ ਵਿਖੇ ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰਾ 22 ਮਈ ਨੂੰ

### ਜਮਹੂਰੀ ਹੱਕਾਂ ਦੀ ਝੰਡਾਬਰਦਾਰ ਡਾ. ਨਵਸ਼ਰਨ ਹੋਣਗੇ ਮੁੱਖ ਵਕਤਾ

ਵਰਲਡ ਪੰਜਾਬੀ ਟਾਈਮਜ਼



ਸੰਗਰੂਰ, 18 ਮਈ : ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾਈ ਕਨਵੀਨਰਾਂ ਡਾ.ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਦੱਸਿਆ ਕਿ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਕੀਤੇ ਜਾ ਰਹੇ ਵਹਿਸ਼ੀਆਨਾ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ 22 ਮਈ ਨੂੰ ਪਰਲ ਪੈਲੇਸ ( ਨੇੜੇ ਬਰਨਾਲਾ ਕੈਂਚੀਆਂ ) ਸੰਗਰੂਰ ਵਿਖੇ ਸਵੇਰੇ 10 ਵਜੇ ਸੂਬਾਈ ਕਨਵੈਨਸ਼ਨ ਕਰਨ ਉਪਰੰਤ ਜ਼ੋਰਦਾਰ ਮੁਜ਼ਾਹਰਾ ਕੀਤਾ ਜਾਵੇਗਾ। ਸਮਾਗਮ ਦੇ ਮੁੱਖ ਵਕਤਾ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਹੋਣਗੇ। ਆਗੂਆਂ ਨੇ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਦਾ ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਅਤੇ 'ਓਪਰੇਸ਼ਨ ਕਗਾਰ' ਵਰਗੇ ਨੀਮ-ਫ਼ੌਜੀ ਓਪਰੇਸ਼ਨ ਚਲਾਕੇ ਸੰਘਰਸ਼ਸ਼ੀਲ ਦੱਬੇ ਕੁਚਲੇ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਇਹ ਦਰਅਸਲ, ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉੱਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਸ 'ਵਿਕਾਸ' ਮਾਡਲ ਰਾਹੀਂ ਕਿਸਾਨਾਂ ਮਜ਼ਦੂਰਾਂ ਦੇ ਉਜਾੜੇ ਦਾ ਖ਼ਤਰਾ ਪੰਜਾਬ ਵਰਗੇ ਖੇਤਰਾਂ ਉੱਪਰ ਵੀ ਮੰਡਲਾ ਰਿਹਾ ਹੈ। ਪੰਜਾਬ ਵਿਚ ਇਨ੍ਹਾਂ ਨੀਤੀਆਂ ਅਤੇ ਲੋਕ ਵਿਰੋਧੀ ਪ੍ਰੋਜੈਕਟਾਂ ਦੇ ਹਮਲੇ ਦੇ ਸਰੋਕਾਰ ਦੇ ਮੱਦੇਨਜ਼ਰ ਆਦਿਵਾਸੀਆਂ ਅਤੇ ਉਨ੍ਹਾਂ ਦੇ ਹਿੱਤਾਂ ਲਈ ਜੂਝਦੇ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਆਵਾਜ਼ ਦਾ ਉੱਠਣਾ ਸਮੇਂ ਦੀ ਅਹਿਮ ਮੰਗ ਹੈ।

ਉਨ੍ਹਾਂ ਦੱਸਿਆ ਕਿ ਇਸ ਜਮਹੂਰੀ ਇਕੱਠ ਦੀ ਕਾਮਯਾਬੀ ਲਈ ਵੱਖ-ਵੱਖ ਇਲਾਕਿਆਂ ਵਿਚ ਸੰਪਰਕ ਮੁਹਿੰਮ ਚਲਾ ਕੇ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ ਸਮੇਤ ਪੰਜਾਬ ਦੀਆਂ ਸਮੂਹ ਲੋਕਪੱਖੀ ਤਾਕਤਾਂ ਨੂੰ ਇਸ ਜਾਬਰ ਹਮਲੇ ਵਿਰੁੱਧ ਆਵਾਜ਼ ਉਠਾਉਣ ਅਤੇ ਸੂਬਾਈ ਇਕੱਠ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਜਾਰੀ ਕਰਤਾ: ਡਾ. ਪਰਮਿੰਦਰ 95010-25030, ਬੂਟਾ ਸਿੰਘ ਮਹਿਮੂਦਪੁਰ 94634-74342, ਪ੍ਰੋਫੈਸਰ ਏ.ਕੇ.ਮਲੇਰੀ 98557-00310, ਯਸ਼ਪਾਲ 98145-35005

## ਸ਼ਹੀਦ ਅਗਨੀਵੀਰ ਅਕਾਸ਼ਦੀਪ ਸਿੰਘ ਦਾ ਸਰਕਾਰੀ ਸਨਮਾਨਾ ਨਾਲ ਹੋਇਆ ਅੰਤਿਮ ਸਸਕਾਰ

### ਫੋਜ ਦੀ ਟੁੱਕੜੀ ਵੱਲੋਂ ਸਨਮਾਨਾਂ ਨਾਲ ਦਿੱਤੀ ਗਈ ਅੰਤਿਮ ਵਿਦਾਇਗੀ

### ਸਪੀਕਰ ਸੰਧਵਾਂ ਸਮੇਤ ਹੋਰਨਾ ਨੇ ਪਰਿਵਾਰ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਕੋਟਕਪੂਰਾ 18 ਮਈ : ਹਲਕਾ ਕੋਟਕਪੂਰਾ ਦੇ ਪਿੰਡ ਕੋਠੇ ਚਹਿਲ ਤੋਂ ਅਗਣੀਵੀਰ ਅਕਾਸ਼ਦੀਪ ਸਿੰਘ ਜੋ ਕਿ ਮਹਿਜ 22 ਸਾਲ ਦਾ ਸੀ ਦੀ ਜੰਮੂ-ਕਸ਼ਮੀਰ ਵਿੱਚ ਡਿਊਟੀ ਦੌਰਾਨ ਮੌਤ ਹੋ ਜਾਣ ਤੇ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿ ਆਰਮੀ ਵੱਲੋਂ ਅਕਾਸ਼ਦੀਪ ਸਿੰਘ ਦੇ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਘੜੀ ਹੈ। ਉਨ੍ਹਾਂ ਕਿਹਾ ਕਿ ਅਕਾਸ਼ਦੀਪ ਸਿੰਘ ਦੀ ਅਚਾਨਕ ਮੌਤ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਹੈ, ਉੱਥੇ ਪੂਰੇ ਜਿਲ੍ਹੇ ਨੂੰ ਵੀ ਘਾਟਾ ਪਿਆ ਹੈ। ਇਸ ਅਗਨੀਵੀਰ ਯੋਧੇ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਸਪੀਕਰ ਸੰਧਵਾਂ ਨੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਗੁਰੂ ਚਰਨਾਂ ਵਿੱਚ ਪੂਰੇ ਪਰਿਵਾਰ ਨੂੰ ਇਹ ਭਾਣਾ ਮੰਨਣ ਦੀ ਸ਼ਕਤੀ ਬਖਸ਼ਣ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਅਗਨੀਵੀਰ ਸਕੀਮ ਬੰਦ ਕਰਕੇ ਫੋਜ ਵਿੱਚ ਜਵਾਨਾਂ ਦੀ ਰੈਗੂਲਰ ਭਰਤੀ ਕਰਨੀ ਚਾਹੀਦੀ ਹੈ। ਇੱਥੇ ਅੱਜ ਸਸਕਾਰ ਮੌਕੇ ਜਿਲ੍ਹਾ ਪ੍ਰਸਾਸ਼ਨ ਵੱਲੋਂ ਐਸ.ਡੀ.ਐਮ. ਫਰੀਦਕੋਟ ਮੇਜਰ ਡਾ. ਵਰੁਣ ਕੁਮਾਰ ਪਿੰਡ ਚਹਿਲ ਵਿਖੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਮ੍ਰਿਤਕ ਅਗਨੀਵੀਰ ਦੀ ਦੇਹ 'ਤੇ ਫੁੱਲ ਮਲਾਵਾਂ ਭੇਂਟ ਕੀਤੀਆਂ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਦੇ ਵਿੱਚ ਜਿਲ੍ਹਾ ਪ੍ਰਸ਼ਾਸ਼ਨ ਪੂਰੀ ਤਰ੍ਹਾਂ ਪਰਿਵਾਰ ਦੇ ਨਾਲ ਖੜ੍ਹਾ ਹੈ। ਇਸ ਮੌਕੇ ਅਗਨੀਵੀਰ ਅਕਾਸ਼ਦੀਪ ਸਿੰਘ ਨੂੰ ਫੋਜ ਦੀ ਟੁੱਕੜੀ ਵੱਲੋਂ ਸਨਮਾਨਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।

## ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਤੇ 20 ਮਈ ਨੂੰ ਡੀ.ਸੀ. ਦਫਤਰ ਸਾਹਮਣੇ ਕੀਤੀ ਜਾਣ ਵਾਲੀ ਰੋਸ ਰੈਲੀ ਦੀਆਂ ਤਿਆਰੀਆਂ ਸਬੰਧੀ ਹੋਈ ਮੀਟਿੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ





ਕੋਟਕਪੂਰਾ, 18 ਮਈ : ਦੇਸ਼ ਭਰ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਦੀਆਂ ਮੁਲਾਜ਼ਮ, ਮਜ਼ਦੂਰ, ਪੈਨਸ਼ਨਰ, ਕਿਸਾਨ, ਵਿਦਿਆਰਥੀ, ਨੌਜਵਾਨ ਅਤੇ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ 20 ਮਈ ਨੂੰ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਤਾਂ ਦੇਸ਼ ਦੇ ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਹਾਲ ਦੀ ਘੜੀ ਮੁਲਤਵੀ ਕਰਕੇ 9 ਜੁਲਾਈ ਤੱਕ ਅੱਗੇ ਪਾ ਦਿੱਤੀ ਗਈ ਹੈ। ਇਸ ਦੇ ਨਾਲ ਹੀ 20 ਮਈ ਨੂੰ ਸਾਰੇ ਦੇਸ਼ ਵਿੱਚ ਹਰ ਪੱਧਰ 'ਤੇ ਰੋਸ ਰੈਲੀਆਂ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸ ਫੈਸਲੇ ਨੂੰ ਲਾਗੂ ਕਰਨ ਲਈ ਅੱਜ ਸਥਾਨਕ ਪੈਨਸ਼ਨਰ ਭਵਨ ਵਿਖੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਅਤੇ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫਰੀਦਕੋਟ ਦੇ ਆਗੂਆਂ ਦੀ ਇੱਕ ਮੀਟਿੰਗ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਖੀਵਾ ਅਤੇ ਕਿਸਾਨ ਆਗੂ ਸ਼ਮਸ਼ੇਰ ਸਿੰਘ ਕਿੰਗਰਾ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਬਲਵਿੰਦਰ ਰਾਮ ਸ਼ਰਮਾ, ਇੰਦਰਜੀਤ ਸਿੰਘ ਗਿੱਲ, ਮੁਲਾਜ਼ਮ ਆਗੂ ਜਤਿੰਦਰ ਕੁਮਾਰ, ਵੀਰਇੰਦਰਜੀਤ ਸਿੰਘ ਪੁਰੀ, ਬਲਕਾਰ ਸਿੰਘ ਸਹੋਤਾ, ਗੁਰਤੇਜ ਸਿੰਘ ਖਹਿਰਾ, ਸੁਖਮੰਦਰ ਸਿੰਘ ਗਿੱਲ, ਅਮਰਜੀਤ ਸਿੰਘ ਵਾਲੀਆ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜ ਭੰਨ, ਕਾਮਰੇਡ ਦਲੀਪ ਸਿੰਘ, ਗੁਰਮੀਤ ਸਿੰਘ ਨਵਾਂ ਕਿਲਾ, ਰਾਜਵੀਰ ਸਿੰਘ ਸੰਧਵਾਂ, ਸੁਖਦੀਪ ਸਿੰਘ ਘੁਗਿਆਣਾ, ਅਮਰਜੀਤ ਸਿੰਘ ਪੰਨੂ, ਬਲਵਿੰਦਰ ਸਿੰਘ ਧੂੜਕੋਟ, ਸਤਨਾਮ ਸਿੰਘ ਪੱਖੀ, ਸੁਰਜੀਤ ਸਿੰਘ ਹਰੀਏਵਾਲਾ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਅਤੇ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀਆਂ ਹਨ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਹੁਕਮਰਾਨ ਸਰਕਾਰਾਂ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਸੰਘਰਸ਼ਾਂ ਨੂੰ ਕੁਚਲਣ ਦੇ ਕੁਰਾਹੇ ਪੈ ਗਈਆਂ ਹਨ। ਸਾਰੀਆਂ ਫ਼ਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਲਾਗੂ ਕਰਨਾ ਅਤੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕਿਰਤ ਕਾਨੂੰਨਾਂ ਦੀ ਰਾਖੀ ਕਰਨਾ ਸਰਕਾਰਾਂ ਦੇ ਏਜੰਡੇ ਤੇ ਨਹੀਂ ਹੈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 20 ਮਈ ਦਿਨ ਮੰਗਲਵਾਰ ਨੂੰ ਸਵੇਰੇ 10:00 ਵਜੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਮਿਨੀ ਸਕੱਤਰੇਤ ਸਾਹਮਣੇ (ਜਾਮਣਾਂ ਹੇਠ) ਸਾਂਝੀ ਰੋਸ ਰੈਲੀ ਕੀਤੀ ਜਾਵੇਗੀ। ਇਸ ਰੈਲੀ ਦੇ ਪ੍ਰਬੰਧਾਂ ਲਈ ਵੱਖੋ ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਹ ਵੀ ਨਿਰਣਾ ਲਿਆ ਗਿਆ ਕਿ ਇਸ ਰੋਸ ਰੈਲੀ ਵਿੱਚ ਮੁਲਾਜ਼ਮਾਂ, ਮਜ਼ਦੂਰਾਂ, ਪੈਨਸ਼ਨਰਾਂ ਕਿਸਾਨਾਂ, ਵਿਦਿਆਰਥੀਆਂ ਤੇ ਨੌਜਵਾਨਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਲਈ ਲਾਮਬੰਦੀ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਕ੍ਰਿਸ਼ਨ ਲਾਲ, ਸੋਮ ਨਾਥ ਅਰੋੜਾ, ਸੁਖਦਰਸ਼ਨ ਸਿੰਘ, ਸੁਖਵਿੰਦਰ ਸਿੰਘ ਗਿੱਲ, ਬਿਸ਼ਨ ਦਾਸ ਅਰੋੜਾ, ਸੁਖਦੇਵ ਸਿੰਘ ਬੀ ਪੀ ਈ ਓ, ਸੰਤ ਸਿੰਘ ਮੁੱਖ ਅਧਿਆਪਕ, ਮੋਹਨ ਸਿੰਘ, ਠਾਕੁਰ ਸਿੰਘ, ਦਰਸ਼ਨ ਸਿੰਘ ਸੋਹਣ ਸਿੰਘ ਅਜੀਜ, ਗੁਰਦੇਵ ਸਿੰਘ ਤੇ ਕਰਮਜੀਤ ਸਿੰਘ ਬੇਦੀ ਆਦਿ ਵੀ ਹਾਜ਼ਰ ਸਨ।

# ਕੇਟ ਵਿਨਸਲੇਟ ਦੀ ਅਦਾਕਾਰੀ ਦੇ ਬਾਰੀਕੀਆਂ ਨੂੰ ਉਜਾਗਰ ਕਰਨ ਵਾਲੀਆਂ 3 ਫਿਲਮਾਂ

ਵਰਲਡ ਪੰਜਾਬੀ ਟਾਈਮਜ਼
ਕਲਪਨਾ ਪਾਂਡੇ

ਕੇਟ ਵਿਨਸਲੇਟ ਦਾ ਫਿਲਮੀ ਸਫਰ ਕਲਾਤਮਕ ਵਿਭਿੰਨਤਾ ਅਤੇ ਵਪਾਰਕ ਜੋਖਮ ਲੈਣ ਦਾ ਸੁੰਦਰ ਉਦਾਹਰਨ ਹੈ। 1994 ਦੀ ਫਿਲਮ 'ਹੇਵਨਲੀ ਕ੍ਰੀਚਰਜ਼' ਨਾਲ ਡੈਬਿਊ ਕਰਕੇ, ਉਸਨੇ ਆਪਣੇ ਕਰੀਅਰ ਵਿੱਚ ਨਿਡਰਤਾ ਨਾਲ ਚੁਣੌਤੀਪੂਰਨ ਫਿਲਮਾਂ ਚੁਣੀਆਂ। ਇਨ੍ਹਾਂ ਫਿਲਮਾਂ ਵਿੱਚ ਵਿਨਸਲੇਟ ਸਿਰਫ ਅਦਾਕਾਰੀ ਨਹੀਂ ਕਰ ਰਹੀ ਸੀ, ਬਲਕਿ ਉਹ ਉਨ੍ਹਾਂ ਕਿਰਦਾਰਾਂ ਨੂੰ ਸੱਚਮੁੱਚ ਜੀ ਰਹੀ ਸੀ।




ਕੇਟ ਵਿਨਸਲੇਟ ਨੇ ਜੇਮਜ਼ ਕੈਮਰਨ ਦੀ ਫਿਲਮ 'ਟਾਈਟੈਨਿਕ' (1997) ਵਿੱਚ ਰੋਜ਼ ਡਿਵਿਟ ਬੁਕਾਟਰ ਦਾ ਰੋਮਾਂਟਿਕ ਅਤੇ ਦੁਖਾਂਤਕ ਰੋਲ ਅਦਾ ਕਰਨ ਤੋਂ ਬਾਅਦ, ਉਹ ਰਾਤੋ-ਰਾਤ ਵਿਸ਼ਵ ਪ੍ਰਸਿੱਧੀ ਦੇ ਸਿਖਰ 'ਤੇ ਪਹੁੰਚ ਗਈ। ਇਹ ਫਿਲਮ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਬਹੁਤ ਮਸ਼ਹੂਰ ਹੋਈ, ਜਿੱਥੇ ਅਜੇ ਤੱਕ ਅੰਗਰੇਜ਼ੀ ਫਿਲਮਾਂ ਨੇ ਇੰਨਾ ਵੱਡਾ ਪ੍ਰਭਾਵ ਨਹੀਂ ਪਾਇਆ ਸੀ। ਭਾਰਤ ਦੇ ਦਰਸ਼ਕਾਂ ਲਈ, ਉਹ ਪਹਿਲੀ ਅਜਿਹੀ ਅੰਗਰੇਜ਼ੀ ਅਭਿਨੇਤਰੀ ਬਣੀ, ਜਿਸ ਨੂੰ ਉਹ ਦਿਲੋਂ ਪਸੰਦ ਕਰਦੇ ਸਨ। ਪਰ, ਉਸਨੇ ਇਸ ਨਵੀਂ ਪ੍ਰਸਿੱਧੀ ਦਾ ਫਾਇਦਾ ਲੈ ਕੇ ਸਿਰਫ ਬਲਾਕਬਸਟਰ ਬੈਨਰਾਂ ਦੀਆਂ ਫਿਲਮਾਂ ਦੇ ਪਿੱਛੇ ਨਹੀਂ ਦੌੜਿਆ; ਇਸ ਦੀ ਬਜਾਏ, ਉਸਨੇ ਛੋਟੀਆਂ, ਵਧੇਰੇ ਗੁੰਝਲਦਾਰ ਅਤੇ ਚੁਣੌਤੀਪੂਰਨ ਭੂਮਿਕਾਵਾਂ ਚੁਣੀਆਂ, ਜਿਸ ਨਾਲ ਉਸ ਵਿੱਚਲੀ ਅਭਿਨੇਤਰੀ ਨੂੰ ਨਵੀਆਂ ਚੁਣੌਤੀਪੂਰਨ ਭੂਮਿਕਾਵਾਂ ਨਿਭਾਉਣ ਦਾ ਮੌਕਾ ਮਿਲਿਆ। 'ਟਾਈਟੈਨਿਕ' ਤੋਂ ਬਾਅਦ, ਉਸਦਾ ਨਾਮ ਭਾਰਤ ਵਿੱਚ ਹਰ ਜਗ੍ਹਾ 'ਟਾਈਟੈਨਿਕ ਦੀ ਹੀਰੋਇਨ' ਵਜੋਂ ਫੈਲ ਗਿਆ ਅਤੇ ਉਸਦੀ ਭਾਵਨਾਤਮਕ ਅਤੇ ਇਮਾਨਦਾਰ ਅਦਾਕਾਰੀ ਕਾਰਨ, ਖਾਸ ਤੌਰ 'ਤੇ ਸ਼ਹਿਰਾਂ ਦੇ ਨੌਜਵਾਨਾਂ ਅਤੇ ਸਿਨੇਮਾ ਪ੍ਰੇਮੀਆਂ ਵਿੱਚ, ਉਹ ਬਹੁਤ ਪ੍ਰਸਿੱਧ ਹੋ ਗਈ। ਬਾਅਦ ਵਿੱਚ ਆਈਆਂ ਸਟ੍ਰੀਮਿੰਗ ਪਲੇਟਫਾਰਮਾਂ ਅਤੇ ਫਿਲਮ ਫੈਸਟੀਵਲਾਂ ਨੇ ਉਸਦੀਆਂ ਸੂਖਮ ਅਤੇ ਤੀਬਰ ਭੂਮਿਕਾਵਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿੱਤੀ; 'ਇਟਰਨਲ ਸਨਸ਼ਾਈਨ ਆਫ਼ ਦ ਸਪਾਟਲੈਸ ਮਾਈਂਡ', 'ਦ ਰੀਡਰ' ਅਤੇ 'ਸਟੀਵ ਜੌਬਜ਼' ਵਿੱਚ ਉਸਦੀ ਅਦਾਕਾਰੀ ਨੇ ਉਸਨੂੰ ਵਿਦਿਅਕ, ਕਲਾਤਮਕ ਅਤੇ ਫਿਲਮ ਪ੍ਰੇਮੀਆਂ ਦੇ ਦਿਲਾਂ ਵਿੱਚ ਵਿਸ਼ੇਸ਼ ਸਥਾਨ ਦਿੱਤਾ। ਅੱਜ, ਭਾਰਤ ਵਿੱਚ ਉਸਦੀ ਵਿਰਾਸਤ ਸਿਰਫ ਸੁੰਦਰਤਾ ਜਾਂ ਸਟਾਰਡਮ ਕਾਰਨ ਨਹੀਂ, ਬਲਕਿ ਉਸਦੀਆਂ ਚੁਣੀਆਂ ਹੋਈਆਂ ਭੂਮਿਕਾਵਾਂ ਅਤੇ ਇਮਾਨਦਾਰੀ ਲਈ ਆਦਰ ਨਾਲ ਯਾਦ ਕੀਤੀ ਜਾਂਦੀ ਹੈ। ਭਾਰਤੀ ਪਰਦੇ 'ਤੇ 'ਟਾਈਟੈਨਿਕ' ਵੱਡੇ ਪੱਧਰ 'ਤੇ ਸਫਲ ਰਹੀ, 'ਦ ਰੀਡਰ' ਵਰਗੀਆਂ ਫਿਲਮਾਂ ਫੈਸਟੀਵਲਾਂ ਵਿੱਚ ਦਿਖਾਈਆਂ ਗਈਆਂ ਅਤੇ ਉਸਦੀਆਂ ਇੰਟਰਵਿਊਜ਼ ਤੇ ਅਵਾਰਡ ਸਮਾਰੋਹਾਂ ਦੇ ਭਾਸ਼ਣਾਂ ਨੂੰ ਭਾਰਤੀ ਯੂਟਿਊਬ ਚੈਨਲਾਂ 'ਤੇ ਵੱਡੇ ਪੱਧਰ 'ਤੇ ਦੇਖਿਆ ਜਾਂਦਾ ਹੈ।

ਬਰਨਾਰਡ ਸ਼ਲਿੰਕ ਦੇ ਨਾਵਲ 'ਤੇ ਆਧਾਰਿਤ ਅਤੇ ਸਟੀਫਨ ਡਾਲਡਰੀ ਦੁਆਰਾ ਨਿਰਦੇਸ਼ਿਤ 'ਦ ਰੀਡਰ' (2008), ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਜਰਮਨੀ ਵਿੱਚ ਵਾਪਰਦੀ ਇੱਕ ਦਰਦਨਾਕ ਘਟਨਾ ਹੈ। 15 ਸਾਲ ਦਾ ਮਾਈਕਲ, 30 ਸਾਲ ਦੀ ਇਕੱਲੀ ਔਰਤ ਹੈਨਾ ਸ਼ਮਿਟਜ਼ (ਵਿਨਸਲੇਟ) ਨਾਲ ਦੋਸਤੀ ਕਰਕੇ ਸਰੀਰਕ ਤੌਰ 'ਤੇ ਨਜ਼ਦੀਕ ਹੋ ਜਾਂਦਾ ਹੈ। ਦੋਵਾਂ ਨੂੰ ਇੱਕ ਦੂਜੇ ਦੀ ਆਦਤ ਪੈ ਜਾਂਦੀ ਹੈ। ਨਿਯਮਿਤ ਮੁਲਾਕਾਤਾਂ ਦੌਰਾਨ, ਹੈਨਾ 15 ਸਾਲ ਦੇ ਮਾਈਕਲ ਨੂੰ ਕਿਤਾਬਾਂ ਦੇ ਕੇ ਉੱਚੀ ਆਵਾਜ਼ ਵਿੱਚ ਪੜ੍ਹਨ ਲਈ ਕਹਿੰਦੀ ਹੈ। ਇਸ ਤਰ੍ਹਾਂ ਕਈ ਦਿਨ ਚੱਲਦੇ ਰਹਿੰਦੇ ਹਨ, ਫਿਰ ਅਚਾਨਕ ਉਹ ਗਾਇਬ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਰਿਸ਼ਤਾ ਤੁਰੰਤ ਖਤਮ ਹੋ ਜਾਂਦਾ ਹੈ। ਕਈ ਸਾਲਾਂ ਬਾਅਦ, ਕਾਨੂੰਨ ਦਾ ਵਿਦਿਆਰਥੀ ਮਾਈਕਲ, ਯੁੱਧ ਅਪਰਾਧਾਂ ਦੇ ਮੁਕੱਦਮੇ ਲਈ ਅਦਾਲਤ ਵਿੱਚ ਹਾਜ਼ਰ ਹੁੰਦਾ ਹੈ ਅਤੇ ਉਸਨੂੰ ਝਟਕਾ ਲੱਗਦਾ ਹੈ, ਕਿਉਂਕਿ ਹੈਨਾ ਨੂੰ ਨਾਜ਼ੀ ਸੁਰੱਖਿਆ ਗਾਰਡ ਵਜੋਂ ਦੋਸ਼ੀ ਠਹਿਰਾਇਆ ਜਾਂਦਾ ਹੈ, ਜਿਸਨੇ ਸੈਂਕੜੇ ਕੈਦੀਆਂ ਨੂੰ ਅੱਗ ਵਿੱਚ ਮਰਨ ਦਿੱਤਾ ਸੀ। ਫਿਲਮ ਦੋ ਸਮੇਂ ਵਿੱਚ ਖੁਲ੍ਹਦੀ ਹੈ – 1950 ਦੇ ਦਹਾਕੇ ਦਾ ਜੋਸ਼ੀਲਾ, ਗੈਰ-ਕਾਨੂੰਨੀ ਪ੍ਰੇਮ ਅਤੇ 1960 ਦੇ ਦਹਾਕੇ ਦੀ ਅਦਾਲਤੀ ਜਾਂਚ; ਅਤੇ ਹੈਨਾ ਦੀ ਅਨਪੜ੍ਹਤਾ, ਜਿਸਨੂੰ ਉਸਨੇ ਸਖ਼ਤੀ ਨਾਲ ਛੁਪਾਇਆ ਸੀ, ਉਸਦੇ ਵਿਅਕਤੀਤਵ ਦਾ ਖੁਲਾਸਾ ਹੁੰਦਾ ਹੈ ਤਾਂ ਮਾਈਕਲ (ਅਤੇ ਦਰਸ਼ਕ) ਉਸਦੀਆਂ ਗੁੰਝਲਾਂ ਨੂੰ ਸਮਝਦੇ ਅਤੇ ਅਨੁਭਵ ਕਰਦੇ ਹਨ।

ਜੇਲ੍ਹ ਵਿੱਚ, ਹੈਨਾ ਪੜ੍ਹਨਾ ਸਿੱਖਦੀ ਹੈ ਅਤੇ ਮਾਈਕਲ ਉਸਨੂੰ ਪੜ੍ਹਦੇ ਹੋਏ ਟੇਪ ਭੇਜਦਾ ਹੈ, ਜਿਸ ਨਾਲ ਉਨ੍ਹਾਂ ਦਾ ਰਿਸ਼ਤਾ ਚੁੱਪਚਾਪ ਮੁੜ ਜੀਵਿਤ ਹੋ ਜਾਂਦਾ ਹੈ। ਇਹ ਕਹਾਣੀ ਅਪਰਾਧ, ਸ਼ਰਮ ਅਤੇ ਹੋਲੋਕਾਸਟ ਦੇ ਪੀੜ੍ਹੀਆਂ ਦੇ ਜ਼ਖਮਾਂ ਨਾਲ ਜੂਝਦੀ ਹੈ। ਵਿਨਸਲੇਟ ਦੁਆਰਾ ਨਿਭਾਈ ਗਈ ਹੈਨਾ ਸ਼ਮਿਟਜ਼ ਦੀ ਭੂਮਿਕਾ ਇੱਕ ਪ੍ਰਭਾਵਸ਼ਾਲੀ ਪ੍ਰਦਰਸ਼ਨ ਹੈ – ਇੱਕ ਅਜਿਹਾ ਕਿਰਦਾਰ ਜੋ ਇੱਕੋ ਸਮੇਂ ਨਫ਼ਰਤਯੋਗ ਅਤੇ ਦਯਾਯੋਗ ਹੈ। ਉਹ ਫਿਲਮ ਵਿੱਚ ਰਹੱਸਮਈ ਵਿਅਕਤੀ ਵਜੋਂ ਡੈਬਿਊ ਕਰਦੀ ਹੈ; ਉਸਦੀ ਸਖ਼ਤ ਭਾਵਨਾ ਅਤੇ ਕਠੋਰ ਭਾਸ਼ਾ ਦੀ ਵਰਤੋਂ ਇੱਕ ਹਥਿਆਰਬੰਦ, ਸੰਸਾਰ ਤੋਂ ਅਲੱਗ ਔਰਤ ਨੂੰ ਦਰਸਾਉਂਦੀ ਹੈ। ਜਦੋਂ ਉਸਦਾ ਮਾਈਕਲ ਨਾਲ ਰਿਸ਼ਤਾ ਡੂੰਘਾ ਹੁੰਦਾ ਹੈ, ਤਾਂ ਉਸਦੇ ਹਾਸੇ ਵਿੱਚ ਲੁਕੀ ਹੋਈ ਮਨੁੱਖੀ ਸੰਵੇਦਨਾ ਪ੍ਰਗਟ ਹੁੰਦੀ ਹੈ। ਅਦਾਲਤੀ ਦ੍ਰਿਸ਼ਾਂ ਵਿੱਚ ਉਸਦੀ ਅਦਾਕਾਰੀ ਖਾਸ ਤੌਰ 'ਤੇ ਉਭਰ ਕੇ ਸਾਹਮਣੇ ਆਉਂਦੀ ਹੈ – ਜਦੋਂ ਹੈਨਾ ਦੀ ਅਨਪੜ੍ਹਤਾ ਉਜਾਗਰ ਹੁੰਦੀ ਹੈ ਅਤੇ ਉਹ ਆਪਣੀਆਂ ਝੂਠੀਆਂ ਰਿਪੋਰਟਾਂ ਨੂੰ ਚੁਣੌਤੀ ਦੇਣ ਤੋਂ ਇਨਕਾਰ ਕਰਦੀ ਹੈ, ਤਾਂ ਵਿਨਸਲੇਟ ਦਾ ਚਿਹਰਾ ਸ਼ਰਮ ਅਤੇ ਅਵੱਗਿਆ ਨਾਲ ਬਦਲ ਜਾਂਦਾ ਹੈ, ਜਿਸ ਤੋਂ ਸ਼ਬਦਾਂ ਨਾਲੋਂ ਵੱਡਾ ਸੰਦੇਸ਼ ਮਿਲਦਾ ਹੈ। ਬਾਅਦ ਵਿੱਚ ਜੇਲ੍ਹ ਵਿੱਚ, ਉਸਦਾ ਬੁੱਢਾ ਰੂਪ ਅਤੇ ਮਾਈਕਲ ਤੋਂ ਭੇਜੇ ਗਏ ਸ਼ਾਂਤ ਟੇਪ ਉਸਦੇ ਅਤੀਤ ਨਾਲ ਸੰਘਰਸ਼ ਦਾ ਪ੍ਰਤੀਕ ਬਣ ਜਾਂਦੇ ਹਨ। ਵਿਨਸਲੇਟ ਨੇ ਹੈਨਾ ਨੂੰ ਇੰਨੇ ਮਨੁੱਖੀ ਤਰੀਕੇ ਨਾਲ ਨਿਭਾਇਆ ਕਿ ਉਸਨੂੰ 2009 ਵਿੱਚ ਸਰਵੋਤਮ ਅਭਿਨੇਤਰੀ ਦਾ ਆਸਕਰ ਮਿਲਿਆ, ਜਿਸ ਨਾਲ ਉਸਦੀ ਨੈਤਿਕ ਤੌਰ 'ਤੇ ਮੁਸ਼ਕਲ ਵਿਸ਼ਿਆਂ 'ਤੇ ਨੈਵੀਗੇਟ ਕਰਨ ਦੀ ਯੋਗਤਾ ਸਾਬਤ ਹੋਈ। ਇਸ ਭੂਮਿਕਾ ਲਈ ਉਸਨੇ ਸਖ਼ਤ ਮਿਹਨਤ ਕੀਤੀ – ਬੁੱਢੀਆਂ ਔਰਤਾਂ ਦੇ ਵਿਵਹਾਰ ਦਾ ਅਧਿਐਨ ਕਰਕੇ ਹੈਨਾ ਨੂੰ ਉਮਰ ਦੇ ਅਨੁਕੂਲ ਦਿਖਾਇਆ ਅਤੇ ਜਰਮਨ ਉਚਾਰਨ ਵਿੱਚ ਮੁਹਾਰਤ ਹਾਸਲ ਕੀਤੀ, ਜਿਸ ਨਾਲ ਉਸਦੇ ਚਿਤਰਣ ਨੂੰ ਸੱਚੀ ਪਛਾਣ ਮਿਲੀ। ਉਸਨੇ ਹੋਲੋਕਾਸਟ ਦੇ ਗਵਾਹਾਂ ਦਾ ਅਧਿਐਨ ਕਰਕੇ ਹੈਨਾ ਦੀ ਮਨੋਵਿਗਿਆਨਿਕ ਸਥਿਤੀ ਦੀ ਖੋਜ ਕੀਤੀ ਅਤੇ ਇਤਿਹਾਸਕ ਸੰਦਰਭ ਅਤੇ ਵਿਅਕਤੀਗਤ ਮਨੋਵਿਗਿਆਨਿਕ ਪਹਿਲੂਆਂ ਦਾ ਸੰਤੁਲਨ ਬਣਾਇਆ।



ਕੇਟ ਦੀ ਫਿਲਮ 'ਰਿਵੋਲਿਊਸ਼ਨਰੀ ਰੋਡ' ਉਪਨਗਰੀ ਨਿਰਾਸ਼ਾ ਦਾ ਚਿਤਰਣ ਕਰਦੀ ਹੈ। ਸੈਮ ਮੇਂਡੇਜ਼ ਦੁਆਰਾ ਨਿਰਦੇਸ਼ਿਤ ਅਤੇ ਰਿਚਰਡ ਯੇਟਸ ਦੇ 1961 ਦੇ ਨਾਵਲ 'ਤੇ ਆਧਾਰਿਤ, ਇਸ ਵਿੱਚ 1950 ਦੇ ਦਹਾਕੇ ਦੇ ਸ਼ਹਿਰੀ ਗੁੰਝਲਦਾਰ ਮਾਹੌਲ ਵਿੱਚ ਫ੍ਰੈਂਕ ਅਤੇ ਏਪ੍ਰਿਲ ਵੀਲਰ, ਇੱਕ ਪਤੀ-ਪਤਨੀ, ਦੇ ਅਸੰਤੁਸ਼ਟ ਜੀਵਨ 'ਤੇ ਰੌਸ਼ਨੀ ਪਾਉਂਦੀ ਹੈ। ਫ੍ਰੈਂਕ (ਡਿਕੈਪ੍ਰਿਓ) ਇੱਕ ਦਫਤਰੀ ਨੌਕਰੀ ਵਿੱਚ ਕੰਮ ਕਰਦਾ ਹੈ, ਜਦਕਿ ਏਪ੍ਰਿਲ (ਵਿਨਸਲੇਟ), ਇੱਕ ਸਾਬਕਾ ਅਭਿਨੇਤਰੀ, ਗ੍ਰਹਿਣੀ ਦੀ ਭੂਮਿਕਾ ਵਿੱਚ ਫਸੀ ਹੋਈ ਮਹਿਸੂਸ ਕਰਦੀ ਹੈ। ਇੱਕ ਅਮੀਰ ਅਤੇ ਖੁਸ਼ਹਾਲ ਜੀਵਨ ਦੇ ਸੁਪਨੇ ਲਈ, ਏਪ੍ਰਿਲ ਪੈਰਿਸ ਜਾਣ ਦਾ ਪ੍ਰਸਤਾਵ ਰੱਖਦੀ ਹੈ, ਜਿਸਨੂੰ ਸ਼ੁਰੂ ਵਿੱਚ ਫ੍ਰੈਂਕ ਸਵੀਕਾਰ ਕਰਦਾ ਹੈ; ਪਰ ਬਾਅਦ ਵਿੱਚ ਸਮਾਜਿਕ ਦਬਾਅ ਕਾਰਨ ਉਹ ਬਦਲ ਜਾਂਦਾ ਹੈ। ਇਸ ਕਾਰਨ ਉਨ੍ਹਾਂ ਦੇ ਵਿਆਹ ਵਿੱਚ ਵਿਸਫੋਟਕ ਬਹਿਸਾਂ ਅਤੇ ਅਣਕਹੀ ਗੁੱਸਾ ਸ਼ਾਮਲ ਹੋ ਜਾਂਦਾ ਹੈ, ਜਿਸ ਨਾਲ ਪਤੀ-ਪਤਨੀ ਵਿੱਚ ਦੂਰੀ ਪੈਦਾ ਹੋ ਜਾਂਦੀ ਹੈ। ਇਸਦਾ ਅੰਤ ਏਪ੍ਰਿਲ ਦੇ ਤੀਜੇ ਗਰਭਧਾਰਣ ਨੂੰ ਰੋਕਣ ਦੀ ਬੇਚੈਨ ਕੋਸ਼ਿਸ਼ ਵਿੱਚ ਹੁੰਦਾ ਹੈ – ਇਹ ਫੈਸਲਾ ਉਸਦੀ ਮੌਤ ਦਾ ਕਾਰਨ ਬਣਦਾ ਹੈ। ਫਿਲਮ ਫ੍ਰੈਂਕ ਦੇ ਆਪਣੇ ਖਾਲੀ ਮਨੋਭਾਵ ਵਿੱਚ ਪਿੱਛੇ ਹਟਣ ਨਾਲ ਖਤਮ ਹੁੰਦੀ ਹੈ। 'ਰਿਵੋਲਿਊਸ਼ਨਰੀ ਰੋਡ' ਅਮਰੀਕੀ ਸੁਪਨੇ ਦੀ ਤੀਖੀ ਆਲੋਚਨਾ ਹੈ ਅਤੇ ਮੱਧ ਸਦੀ ਦੇ ਆਸ਼ਾਵਾਦ ਦੇ ਹੇਠਲੇ ਕਮਜ਼ੋਰੀ ਨੂੰ ਉਜਾਗਰ ਕਰਦੀ ਹੈ। ਏਪ੍ਰਿਲ ਵੀਲਰ ਵਜੋਂ, ਵਿਨਸਲੇਟ ਨੇ ਅਣਥੱਕ ਤੀਬਰਤਾ ਦੀ ਅਦਾਕਾਰੀ ਪੇਸ਼ ਕੀਤੀ ਹੈ। ਸ਼ੁਰੂ ਤੋਂ ਹੀ, ਉਹ ਏਪ੍ਰਿਲ ਨੂੰ ਇੱਕ ਅਜਿਹੀ ਔਰਤ ਵਜੋਂ ਦਰਸਾਉਂਦੀ ਹੈ, ਜਿਸਦੇ ਚਮਕਦਾਰ ਮੁਸਕਰਾਹਟ ਦੇ ਹੇਠ ਨਿਰਾਸ਼ਾ ਅਤੇ ਅਸੰਤੋਸ਼ ਲੁਕਿਆ ਹੋਇਆ ਹੈ। ਵਿਨਸਲੇਟ ਦੀ ਸਰੀਰਕ ਭਾਸ਼ਾ ਏਪ੍ਰਿਲ ਦੀ ਬੇਚੈਨ ਚਾਲ ਅਤੇ ਮਨ ਵਿੱਚ ਬੰਦ ਮੁੱਠੀ ਨਾਲ ਉਸਦੇ ਘਰੇਲੂ ਕੈਦ ਵਿੱਚ ਫਸਣ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੀ ਹੈ। ਫਿਲਮ ਦੇ ਸਭ ਤੋਂ ਰੋਮਾਂਚਕ ਪਲ ਫ੍ਰੈਂਕ ਨਾਲ ਬਹਿਸਾਂ ਵਿੱਚ ਦਿਖਾਈ ਦਿੰਦੇ ਹਨ, ਜਿੱਥੇ ਵਿਨਸਲੇਟ ਨੇ ਗੁੱਸੇ ਅਤੇ ਦੁੱਖ ਦੇ ਭਾਵ ਖੁੱਲ੍ਹ ਕੇ ਪ੍ਰਗਟ ਕੀਤੇ। ਉਸਦਾ ਗਰਭਪਾਤ ਦਾ ਫੈਸਲਾ ਅਤੇ ਕਿਰਿਆ ਮਨ ਨੂੰ ਸੁੰਨ ਕਰ ਦਿੰਦਾ ਹੈ। ਵਿਨਸਲੇਟ ਨੇ ਏਪ੍ਰਿਲ ਦੇ ਸ਼ਾਂਤ ਦ੍ਰਿੜ ਨਿਸ਼ਚੇ ਅਤੇ ਫਿਰ ਦਰਦ ਨੂੰ ਸੀਮਿਤ ਸੰਵਾਦਾਂ ਰਾਹੀਂ ਪੇਸ਼ ਕੀਤਾ। ਡਿਕੈਪ੍ਰਿਓ ਨਾਲ ਉਸਦੀ ਰਸਾਇਣ, ਜੋ ਪਹਿਲਾਂ 'ਟਾਈਟੈਨਿਕ' ਵਿੱਚ ਸਹਿਯੋਗ ਨਾਲ ਮਿਲਦੀ ਹੈ, ਉਨ੍ਹਾਂ ਦੇ ਖਰਾਬ ਹੋ ਰਹੇ ਰਿਸ਼ਤੇ ਦੀ ਸੱਚਾਈ ਨੂੰ ਉਜਾਗਰ ਕਰਦੀ ਹੈ। ਵਿਨਸਲੇਟ ਦੀ ਇਸ ਭੂਮਿਕਾ ਕਾਰਨ ਉਸਨੂੰ ਸਰਵੋਤਮ ਅਭਿਨੇਤਰੀ ਲਈ ਗੋਲਡਨ ਗਲੋਬ ਮਿਲਿਆ।

'ਟਾਈਟੈਨਿਕ', 'ਦ ਰੀਡਰ' ਅਤੇ 'ਰਿਵੋਲਿਊਸ਼ਨਰੀ ਰੋਡ' ਵਿੱਚਲੇ ਕਥਾਵਾਂ ਦੀ ਤੁਲਨਾ ਕਰਨ 'ਤੇ ਪਤਾ ਚੱਲਦਾ ਹੈ ਕਿ ਹਰ ਕਹਾਣੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਮਨੁੱਖੀ ਸਬੰਧਾਂ, ਬਦਲਾਅ ਅਤੇ ਸਮਾਜਿਕ ਮੁਸ਼ਕਲਾਂ ਦਾ ਪ੍ਰਤੀਬਿੰਬ ਉਭਰਦੀ ਹੈ। 'ਟਾਈਟੈਨਿਕ' ਇੱਕ ਇਤਿਹਾਸਕ ਪ੍ਰੇਮ ਕਹਾਣੀ ਹੈ, ਜਿਸ ਵਿੱਚ ਆਫ਼ਤ ਦੀ ਪਿਛਲੀ ਭੂਮੀ ਹੈ; ਰੋਜ਼ ਦੇ ਦੱਬੇ ਹੋਏ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਲੈ ਕੇ ਆਜ਼ਾਦੀ ਦਾ ਅਨੁਭਵ ਕਰਨ ਵਾਲੇ ਵਿਅਕਤੀ ਤੱਕ ਦੇ ਬਦਲਾਅ ਦੀ ਇਹ ਕਹਾਣੀ ਨੌਸਟੈਲਜਿਕ ਪੁਨਰਕਥਨ ਰਾਹੀਂ ਪੇਸ਼ ਕੀਤੀ ਗਈ ਹੈ, ਜਿੱਥੇ ਵਰਗ, ਆਜ਼ਾਦੀ ਅਤੇ ਇਨ੍ਹਾਂ ਪ੍ਰਬਲ ਵਿਸ਼ਿਆਂ ਦਾ ਸਮਾਵੇਸ਼ ਹੈ। ਦੂਜੇ ਪਾਸੇ, 'ਦ ਰੀਡਰ' ਇੱਕ ਗੂੜ੍ਹਾ ਫਿਲਮ ਹੈ ਜੋ ਹੈਨਾ ਅਤੇ ਮਾਈਕਲ ਦੇ ਰਿਸ਼ਤਿਆਂ ਦੇ ਵਿਅਕਤੀਗਤ ਅਤੇ ਨੈਤਿਕ ਪ੍ਰਭਾਵਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ; ਇਸਦਾ ਗੈਰ-ਰੇਖਿਕ ਕਥਾਵਾਂ ਪਿਛਲੇ ਸਮੇਂ ਦੇ ਪ੍ਰੇਮ ਅਤੇ ਵਰਤਮਾਨ ਦੇ ਪ੍ਰਭਾਵਾਂ ਨੂੰ ਜੋੜਦਾ ਹੈ ਅਤੇ ਅਪਰਾਧ, ਸਾਖਰਤਾ ਅਤੇ ਹੋਲੋਕਾਸਟ ਦੀ ਵਿਰਾਸਤ ਵਰਗੇ ਵਿਸ਼ਿਆਂ ਨਾਲ ਕਹਾਣੀ ਨੂੰ ਚਲਾਉਂਦਾ ਹੈ ਅਤੇ ਦਰਸ਼ਕਾਂ ਨੂੰ ਅਸਹਿਜ ਕਰਨ ਵਾਲੇ ਸਵਾਲ ਉਠਾਉਂਦਾ ਹੈ। ਜਦਕਿ 'ਰਿਵੋਲਿਊਸ਼ਨਰੀ ਰੋਡ' ਇੱਕ ਘਰੇਲੂ ਦੁਖਾਂਤ ਹੈ ਜੋ ਜੋੜੇ ਦੇ ਖੁਲ੍ਹਦੇ ਕਥਾਵਾਂ 'ਤੇ ਆਧਾਰਿਤ ਹੈ; ਇਸਦਾ ਰੇਖਿਕ ਅਤੇ ਕਲਾਸਟ੍ਰੋਫੋਬਿਕ ਕਥਾਵਾਂ ਫ੍ਰੈਂਕ ਅਤੇ ਏਪ੍ਰਿਲ ਦੀ ਆਸ ਤੋਂ ਨਿਰਾਸ਼ਾ ਤੱਕ ਦੇ ਪਤਨ ਦਾ ਪਿੱਛਾ ਕਰਦਾ ਹੈ, ਜਿਸ ਵਿੱਚ ਅਨੁਕੂਲਤਾ, ਅਧੂਰੇ ਸੁਪਨੇ ਅਤੇ ਲਿੰਗ ਭੂਮਿਕਾਵਾਂ ਵਰਗੇ ਵਿਸ਼ਿਆਂ ਨਾਲ ਸਮਾਜਿਕ ਭਰਮ ਦਾ ਸੂਖਮ ਚਿਤਰਣ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦੀਆਂ ਅੰਤਰਾਂ ਦੇ ਬਾਵਜੂਦ, ਇਨ੍ਹਾਂ ਤਿੰਨਾਂ ਫਿਲਮਾਂ ਵਿੱਚ ਔਰਤਾਂ ਦੀਆਂ ਫਸੀਆਂ ਹੋਈਆਂ ਸਥਿਤੀਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ – ਜਿਵੇਂ ਕਿ 'ਟਾਈਟੈਨਿਕ' ਵਿੱਚ ਰੋਜ਼, 'ਦ ਰੀਡਰ' ਵਿੱਚ ਹੈਨਾ ਅਤੇ 'ਰਿਵੋਲਿਊਸ਼ਨਰੀ ਰੋਡ' ਵਿੱਚ ਏਪ੍ਰਿਲ ਦੀ ਸਥਿਤੀ – ਅਤੇ ਹਰ ਕਹਾਣੀ ਮੁਕਤੀ ਦੇ ਯਤਨਾਂ ਦੀ ਖੋਜ ਕਰਦੀ ਹੈ: ਰੋਜ਼ ਲਈ ਜੈਕ ਦੁਆਰਾ, ਹੈਨਾ ਲਈ ਸਾਖਰਤਾ ਦੁਆਰਾ ਅਤੇ ਏਪ੍ਰਿਲ ਲਈ ਉਸਦੇ ਪੈਰਿਸ ਦੇ ਸੁਪਨੇ ਦੁਆਰਾ। ਵਿਨਸਲੇਟ ਦੇ ਕਿਰਦਾਰਾਂ ਨੂੰ ਪਛਾਣ, ਸਵੈ-ਨਿਰਭਰਤਾ ਅਤੇ ਸਮਾਜਿਕ ਉਮੀਦਾਂ ਨਾਲ ਜੂਝਣਾ ਪੈਂਦਾ ਹੈ, ਜਿਸ ਕਾਰਨ ਉਸਦੀ ਅਦਾਕਾਰੀ ਇਨ੍ਹਾਂ ਕਹਾਣੀਆਂ ਲਈ ਇੱਕ ਆਦਰਸ਼ ਮਾਧਿਅਮ ਬਣਦੀ ਹੈ।

ਵਿਨਸਲੇਟ ਦੀ ਅਦਾਕਾਰੀ ਦੀਆਂ ਮੁਹਾਰਤਾਂ ਨੂੰ ਬਹੁਮੁਖੀਤਾ ਦੇ ਮਾਸਟਰਕਲਾਸ ਵਜੋਂ ਮਾਨਤਾ ਦਿੱਤੀ ਜਾਂਦੀ ਹੈ। ਉਸਦੀ ਭਾਵਨਾਤਮਕ ਸੱਚਾਈ ਇਸਦਾ ਮੁੱਖ ਵਿਸ਼ੇਸ਼ਤਾ ਹੈ; 'ਟਾਈਟੈਨਿਕ' ਵਿੱਚ ਰੋਜ਼ ਦਾ ਦੁੱਖ ਬਹੁਤ ਤੀਬਰਤਾ ਨਾਲ ਪ੍ਰਗਟ ਹੁੰਦਾ ਹੈ, 'ਦ ਰੀਡਰ' ਵਿੱਚ ਹੈਨਾ ਦੀ ਸ਼ਰਮ ਸਪਸ਼ਟ ਦਿਖਾਈ ਦਿੰਦੀ ਹੈ ਅਤੇ 'ਰਿਵੋਲਿਊਸ਼ਨਰੀ ਰੋਡ' ਵਿੱਚ ਏਪ੍ਰਿਲ ਦੀ ਨਿਰਾਸ਼ਾ ਡੂੰਘਾਈ ਨਾਲ ਮਹਿਸੂਸ ਕੀਤੀ ਜਾਂਦੀ ਹੈ। ਉਹ ਨਾਟਕੀਯਤਾ ਅਤੇ ਅਤਿ-ਪ੍ਰਦਰਸ਼ਨ ਦੀ ਬਜਾਏ ਕਿਰਦਾਰ ਦੀ ਸੁਖਮਤਾ ਨੂੰ ਤਰਜੀਹ ਦਿੰਦੀ ਹੈ ਅਤੇ ਕਿਰਦਾਰਾਂ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਕੁਦਰਤੀ ਤਰੀਕੇ ਨਾਲ ਖੋਲ੍ਹਦੀ ਹੈ। ਉਸਦੀ ਸਰੀਰਕਤਾ ਅਤੇ ਪ੍ਰਗਟਾਵਾ ਵੀ ਬੇਮਿਸਾਲ ਹੈ; ਉਸਦੀ ਸਰੀਰਕ ਭਾਸ਼ਾ ਦੀ ਸਹੀ ਵਰਤੋਂ ਰੋਜ਼ ਦੇ ਵਿਕਸਿਤ ਹੋ ਰਹੇ ਪੋਜ਼ ਦੁਆਰਾ ਮੁਕਤੀ ਦਾ ਪ੍ਰਤੀਬਿੰਬ ਦਰਸਾਉਂਦੀ ਹੈ, ਹੈਨਾ ਦੀ ਕਠੋਰਤਾ ਦੁਆਰਾ ਉਸਦੀ ਅਸੁਰੱਖਿਆ ਨੂੰ ਛੁਪਾਉਂਦੀ ਹੈ ਅਤੇ ਏਪ੍ਰਿਲ ਦੇ ਤਣਾਅ ਦੁਆਰਾ ਉਸਦੀ ਅਸਵਸਥਤਾ ਦਾ ਸੰਕੇਤ ਦਿੰਦੀ ਹੈ। ਵਿਨਸਲੇਟ ਦੇ ਪ੍ਰਗਟਾਵੇ ਵਿੱਚ ਵਿਸ਼ੇਸ਼ ਵਿਸ਼ੇਸ਼ਤਾ ਉਸਦੀਆਂ ਅੱਖਾਂ ਹਨ, ਜਿਨ੍ਹਾਂ ਵਿੱਚ ਅਕਸਰ ਸ਼ਬਦਾਂ ਨਾਲੋਂ ਵੱਧ ਬੋਲਣ ਦੀ ਸਮਰੱਥਾ ਦਿਖਾਈ ਦਿੰਦੀ ਹੈ। ਉਸਦੀ ਵੋਕਲ ਮਾਸਟਰੀ, ਯਾਨੀ ਹਰ ਭੂਮਿਕਾ ਲਈ ਢੁੱਕਵੀਂ ਆਵਾਜ਼ ਦੀ ਵਰਤੋਂ – ਰੋਜ਼ ਲਈ ਉੱਚ ਵਰਗ, ਹੈਨਾ ਲਈ ਜਰਮਨ ਉਚਾਰਨ ਵਿੱਚ ਕਠੋਰਤਾ ਅਤੇ ਏਪ੍ਰਿਲ ਲਈ ਤਣਾਅਪੂਰਨ ਤੀਖਣਤਾ – ਉਸਦੇ ਕਿਰਦਾਰਾਂ ਨੂੰ ਹੋਰ ਵੀ ਵਿਸ਼ਵਾਸਯੋਗ ਅਤੇ ਭਾਵਨਾਤਮਕ ਬਣਾਉਂਦੀ ਹੈ। ਉਸਦੀ ਮਿਹਨਤ ਬਹੁਤ ਪ੍ਰਸ਼ੰਸਨੀਯ ਹੈ; 'ਟਾਈਟੈਨਿਕ' ਲਈ ਉਸਨੇ ਬਰਫ਼ੀਲੇ ਪਾਣੀ ਦਾ ਸਾਹਮਣਾ ਕੀਤਾ, 'ਦ ਰੀਡਰ' ਲਈ ਹੋਲੋਕਾਸਟ ਬਾਰੇ ਪੜ੍ਹੇ ਗਏ ਲੋਕਾਂ ਦੀਆਂ ਕਹਾਣੀਆਂ ਸਮਝੀਆਂ ਅਤੇ 'ਰਿਵੋਲਿਊਸ਼ਨਰੀ ਰੋਡ' ਲਈ 1950 ਦੇ ਦਹਾਕੇ ਦੇ ਲਿੰਗ ਗਤੀਸ਼ੀਲਤਾ ਦਾ ਬਾਰੀਕੀ ਨਾਲ ਅਧਿਐਨ ਕੀਤਾ। ਆਨ-ਸਕ੍ਰੀਨ ਕੈਮਿਸਟਰੀ ਬਾਰੇ ਗੱਲ ਕਰਨੀ ਹੋਵੇ, ਤਾਂ ਉਹ ਡਿਕੈਪ੍ਰਿਓ ਨਾਲ ਦੋ ਫਿਲਮਾਂ ਵਿੱਚ ਅਤੇ 'ਦ ਰੀਡਰ' ਵਿੱਚ ਕ੍ਰਾਸ ਨਾਲ ਆਪਣੀ ਪ੍ਰਦਰਸ਼ਨ ਕਾਰਨ ਉਸਦੇ ਪ੍ਰਭਾਵ ਨੂੰ ਹੋਰ ਮਜ਼ਬੂਤ ਬਣਾਉਂਦੀ ਹੈ, ਜਿਸ ਕਾਰਨ ਹਰ ਕਹਾਣੀ ਵਿੱਚ ਉਹ ਹੋਰ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਵਿਨਸਲੇਟ ਦਾ ਬਹੁਮੁਖੀ ਕਰੀਅਰ ਅਤੇ ਉਸਦਾ ਪ੍ਰਭਾਵ ਦਰਸ਼ਕਾਂ 'ਤੇ ਬਹੁਤ ਗਹਿਰਾ ਹੈ; ਸੱਤ ਆਸਕਰ ਨਾਮਜ਼ਦਗੀਆਂ, ਇੱਕ ਜਿੱਤ ਅਤੇ ਹੋਰ ਕਈ ਪੁਰਸਕਾਰਾਂ ਨਾਲ ਉਹ ਵਿਮਰਸ਼ਕਾਂ ਦੀ ਪਸੰਦੀਦਾ ਬਣੀ। ਉਸਦੀਆਂ ਕਈ ਗੁਣਵੱਤਾ ਭਰੀਆਂ ਫਿਲਮਾਂ ਵਿੱਚੋਂ, ਇਹ ਤਿੰਨੇ ਫਿਲਮਾਂ ਉਸਦੀ ਅਦਾਕਾਰੀ ਦੀ ਯੋਗਤਾ ਕਾਰਨ ਅਵਿਸਮਰਨੀਯ ਹਨ।